# ਸਰਕਾਰੀ ਕਾਲਜ, ਅਬੋਹਰ
## ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਮਾਨਤਾ ਪ੍ਰਾਪਤ

*GOVT.COLLEGE, ABOHAR*
*Affiliated to Panjab University Chandigarh*




**ਸੰਦੇਸ਼**

ਪਿਆਰੇ ਵਿਦਿਆਰਥਿਓ

ਸਾਡੇ ਇਲਾਕੇ ਦੀ ਇੱਕੋ ਇੱਕ ਸਰਕਾਰੀ ਸੰਸਥਾ ਵਿੱਚ ਤੁਹਾਡਾ ਸਵਾਗਤ ਕਰਨ ਮੇਰੇ ਲਈ ਬਹੁਤ ਖੁਸ਼ੀ ਦੀ ਗੱਲ ਹੈ। ਸਰਕਾਰੀ ਕਾਲਜ ਅਬੋਹਰ ਵਿੱਚ ਅਸੀਂ ਇੱਕ ਐਸਾ ਮਾਹੌਲ ਪ੍ਰਦਾਨ ਕਰਨ ਵਿੱਚ ਵਿਸ਼ਵਾਸ ਕਰਦੇ ਹਾਂ ਜੋ ਵਿੱਦਿਆ ਅਤੇ ਨਿੱਜੀ ਵਿਕਾਸ ਦੋਹਾਂ ਨੂੰ ਉਤਸ਼ਾਹਤ ਕਰਦਾ ਹੈ।

ਪੰਜਾਬ ਸਰਕਾਰ ਵੱਲੋਂ ਵਿਦਿਅਕ ਪੱਖ ਤੋਂ ਪਛੜੇ ਹੋਏ ਇਲਾਕਿਆਂ ਵਿੱਚ ਨਵੇਂ ਸਰਕਾਰ ਕਾਲਜ ਸਥਾਪਤ ਕੀਤੇ ਜਾਣ ਦੀ ਯੋਜਨਾ ਅਧੀਨ ਅਕਾਦਮਿਕ ਸੈਸ਼ਨ 2021-2022 ਤੋਂ ਨਵੇਂ ਸਰਕਾਰੀ ਕਾਲਜ ਸੂਬੇ ਦੇ ਵੱਖ-ਵੱਖ, ਖੇਤਰਾਂ ਵਿੱਚ ਖੋਲ੍ਹੇ ਗਏ ਹਨ। ਇਸੇ ਲੜੀ ਅਧੀਨ ਹੀ ਫਾਜ਼ਿਲਕਾ ਜ਼ਿਲ੍ਹੇ ਦੀ ਅਬੋਹਰ ਤਹਿਸੀਲ ਵਿੱਚ ਵੀ ਇੱਕ ਨਵਾਂ ਸਰਕਾਰੀ ਕਾਲਜ ਖੋਲ੍ਹਿਆ ਗਿਆ ਹੈ। ਸਰਕਾਰੀ ਕਾਲਜ,ਅਬੋਹਰ ਇੱਕ ਅਜਿਹੀ ਵਿਦਿਅਕ ਸੰਸਥਾ ਹੋਵੇਗੀ, ਜੋ ਪੰਜਾਬ ਦੇ ਇਸ ਇਲਾਕੇ ਵਿੱਚ ਵਿੱਦਿਆ ਦਾ ਪ੍ਰਸਾਰ ਕਰਨ ਵਿੱਚ ਭਰਪੂਰ ਯੋਗਦਾਨ ਪਾਵੇਗੀ। ਅਜੋਕੇ ਵਿਸ਼ਵੀਕਰਨ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਸਰਵਗੁਣ ਸੰਪੰਨ ਬਣਾ ਕੇ ਉਨ੍ਹਾਂ ਦੇ ਸਰਵਪੱਖੀ ਚਰਿੱਤਰ-ਨਿਰਮਾਣ ਸਦਕਾ ਤੇ ਭਵਿੱਖ ਵਿੱਚ ਉਨ੍ਹਾਂ ਦੀ ਨਿਵੇਕਲੀ ਅਤੇ ਮੌਲਿਕ ਪਹਿਚਾਣ ਸਿਰਜਣ ਹਿਤੂ ਇਹ ਵਿਦਿਅਕ ਸੰਸਥਾ ਹਮੇਸ਼ਾ ਯਤਨਸ਼ੀਲ ਰਹੇਗੀ ।

ਨਵੇਂ ਕਾਲਜ ਵਿੱਚ ਦਾਖਲ ਹੋਣ ਵਾਲੇ ਪਿਆਰੇ ਵਿਦਿਆਰਥੀਓ। ਇਮਾਰਤਾਂ ਦਾ ਸੰਗ੍ਰਹਿ ਸੰਸਥਾਵਾਂ ਦਾ ਗਠਨ ਨਹੀਂ ਹੁੰਦਾ, ਸਗੋਂ ਤੁਹਾਡੀ ਅਤੇ ਤੁਹਾਡੇ ਅਧਿਆਪਕਾਂ ਦੇ ਵਧੀਆ ਸੁਮੇਲ ਸਦਕਾ ਹੀ ਇਨ੍ਹਾਂ ਇਮਾਰਤਾਂ ਦੇ ਮਾਣ ਵਿੱਚ ਵਾਧਾ ਕਰਦਿਆਂ ਇਨ੍ਹਾਂ ਨੂੰ ਵਿੱਦਿਅਕ ਸੰਸਥਾਵਾਂ ਹੋਣ ਦਾ ਮਾਣ ਹਾਸਿਲ ਹੁੰਦਾ ਹੈ ।

ਪਿਆਰੇ ਵਿਦਿਆਰਥੀਓ ਸਰਕਾਰੀ ਕਾਲਜ, ਅਬੋਹਰ ਇਕ ਅਜਿਹੀ ਮਿਆਰੀ ਵਿੱਦਿਅਕ ਸੰਸਥਾ ਹੋਵੇਗੀ ਜੋ ਤੁਹਾਡੇ ਅਤੇ ਤੁਹਾਡੇ ਮਾਪਿਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਪੂਰਨ ਰੂਪ ਵਿੱਚ ਸਮਰੱਥ ਹੋਵੇਗੀ। ਇਸ ਵਿੱਦਿਅਕ ਅਦਾਰੇ ਨੂੰ ਹੋਰ ਬੁਲੰਦੀਆਂ ਤੇ ਪਹੁੰਚਾਉਣ ਲਈ ਤੁਹਾਡੇ ਮਾਪਿਆਂ ਅਤੇ ਬਹੁਤ ਹੀ ਸਤਿਕਾਰਿਤ ਅਤੇ ਪਤਵੰਤੇ ਸੱਜਣਾ ਦੇ ਸਹਿਯੋਗ ਦੀ ਜ਼ਰੂਰਤ ਹੈ ।

ਵਿੱਦਿਅਕ ਸੈਸ਼ਨ 2026 -2027 ਵਿੱਚ ਇਸ ਵਿੱਦਿਅਕ ਸੰਸਥਾ ਦੇ ਪਵਿੱਤਰ ਵਿਹੜੇ ਵਿੱਚ ਤੁਹਾਡੇ ਸਾਰਿਆਂ ਦਾ ਖੁਸ਼ਬੋਆਂ ਫੈਲਾਉਣ ਲਈ "ਜੀਉ ਆਇਆ" । ਸਾਡੀ ਸਾਰਿਆਂ ਦੀ ਮਨੋਕਾਮਨਾ ਹੈ ਕਿ ਤੁਸੀਂ ਇਸ ਵਿੱਦਿਅਕ ਸੰਸਥਾ ਵਿੱਚੋਂ ਵਿੱਦਿਆ ਹਾਸਿਲ ਕਰ ਜ਼ਿੰਦਗੀ 'ਚ ਹਰ ਮੰਜ਼ਿਲ ਨੂੰ ਫ਼ਤਹਿ 'ਤੇ ਹਰ ਖੇਤਰ ਵਿੱਚ ਮਿੱਥੀ ਮੰਜ਼ਿਲ ਹਾਸਿਲ ਕਰਨ ਵਿੱਚ ਸਮਰੱਥ ਹੋਵੋ ।



**ਸ਼ੁੱਭ ਕਾਮਨਾਵਾਂ ਸਹਿਤ ।**

**ਡਾ. ਜਯੋਤਿਨਾ,**

**ਪ੍ਰਿੰਸੀਪਲ ਸਾਹਿਬ।**

## ਕਾਲਜ ਦੇ ਉਦੇਸ਼

ਸਰਕਾਰੀ ਕਾਲਜ, ਅਬੋਹਰ ਦੇ ਪ੍ਰਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਮੇਂ ਦੇ ਹਾਣ ਦਾ ਬਣਾਉਣਾ, ਉਚੇਰੀ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ ਵਿੱਚ ਨੈਤਿਕ ਗੁਣਾਂ ਦਾ ਸੰਚਾਰ ਕਰਨਾ, ਆਪਣੇ ਘਰ ਤੋਂ ਸ਼ਹਿਰ ਅਤੇ ਸ਼ਹਿਰ ਤੋਂ ਦੇਸ਼ ਦੀ ਖ਼ੁਸ਼ਹਾਲੀ ਤੇ ਤਰੱਕੀ ਵਿਚ ਆਪਣਾ ਯੋਗਦਾਨ ਪਾਉਣ ਲਈ ਉਤਸ਼ਾਹਿਤ ਕਰਨਾ ਪ੍ਰਦੂਸ਼ਣ ਤੇ ਨਸ਼ੇ ਵਰਗੀਆ ਮਾਰੂ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਵਿਦਿਆਰਥੀਆਂ ਦੇ ਸਰਬ-ਪੱਖੀ ਵਿਕਾਸ ਹਿੱਤ ਕੰਮ ਕਰਨਾ ਹੋਵੇਗੇ। ਉਪਰੋਕਤ ਉਦੇਸ਼ਾਂ ਦੀ ਪ੍ਰਾਪਤੀ ਲਈ ਇਸ ਕਾਲਜ ਵਿੱਚ ਉਚੇਰੀ ਸਿੱਖਿਆ ਦੇ ਨਾਲ ਐਨ.ਸੀ.ਸੀ.,ਐਨ.ਐਸ.ਐਸ.,ਖੇਡਾਂ, ਸੱਭਿਆਚਾਰਕ ਗਤੀਵਿਧੀਆਂ ਅਤੇ ਇਨਵਾਇਰਨਮੈਂਟ ਐਜੂਕੇਸ਼ਨ ਦਾ ਯੋਗ ਪ੍ਰਬੰਧ ਹੈ। ਇਨ੍ਹਾਂ ਗਤੀਵਿਧੀਆਂ ਰਾਹੀਂ ਵਿਦਿਆਰਥੀ ਸਮਾਜਿਕ,ਰਾਜਨੀਤਿਕ ਅਤੇ ਸੱਭਿਆਚਾਰਕ ਪਰਿਪੇਖ ਵਿਚ ਆਪਣੀ ਸੋਚ ਵਿਕਸਤ ਕਰ ਸਕਣ ਗੇ। ਵਿਦਿਆਰਥੀਆ ਦੀ ਬੌਧਿਕ ਯੋਗਤਾ ਨੂੰ ਪ੍ਰਫੁੱਲਤ ਕਰਨ ਲਈ ਸਮੇਂ-ਸਮੇਂ ਤੇ ਕਾਲਜ ਵਿੱਚ Quiz,, ਵਾਦ-ਵਿਵਾਦ ਪ੍ਰਤੀ ਯੋਗਤਾਵਾਂ, ਇਤਿਹਾਸਕ ਟੂਰ ਅਤੇ ਵੱਖ-ਵੱਖ ਵਿਸ਼ਿਆਂ ਨਾਲ ਸਬੰਧਤ ਵਿਦਵਾਨਾਂ ਦੇ ਲੈਕਚਰਾਂ ਦਾ ਢੁਕਵਾਂ ਪ੍ਰਬੰਧ ਕੀਤਾ ਜਾਵੇਗਾ। ਵਿਦਿਆਰਥੀਆਂ ਵਿੱਚ ਸਾਹਿਤਕ ਰੁਚੀਆਂ ਨੂੰ ਵਿਕਸਤ ਕਰਨ ਲਈ ਕਾਲਜ ਮੈਗਜ਼ੀਨ ਵੀ ਕੱਢਿਆ ਜਾਵੇਗਾ ।

# ਟੀਚਿੰਗ ਸਟਾਫ਼

## ਸਮਾਜ ਵਿਗਿਆਨ ਵਿਭਾਗ

**1. ਸ. ਗੁਰਦੀਪ ਸਿੰਘ (ਸਹਾਇਕ ਪ੍ਰੋਫ਼ੈਸਰ)**

## ਇਤਿਹਾਸ ਵਿਭਾਗ

**1. ਡਾ.ਪ੍ਰਦੀਪ ਸਿੰਘ (ਸਹਾਇਕ ਪ੍ਰੋਫ਼ੈਸਰ)**

## ਕਾਮਰਸ ਵਿਭਾਗ

**1. ਸ੍ਰੀ ਲਵਿਸ਼ ਲੂਣਾ (ਸਹਾਇਕ ਪ੍ਰੋਫ਼ੈਸਰ)**

## ਕੰਪਿਊਟਰ ਸਾਇੰਸ ਵਿਭਾਗ

**1. ਸ੍ਰੀਮਤੀ ਮਮਤਾ ਰਾਣੀ (ਸਹਾਇਕ ਪ੍ਰੋਫ਼ੈਸਰ)**

## ਦਾਖ਼ਲੇ ਦੇ ਨਿਯਮ

1. ਕੇਵਲ ਆਨਲਾਈਨ ਅਪਲਾਈ ਕਰਨ ਨਾਲ ਹੀ ਉਮੀਦਵਾਰ ਦਾਖ਼ਲੇ ਦਾ ਹੱਕਦਾਰ ਨਹੀਂ ਬਣ ਜਾਂਦਾ, ਬਲਕਿ ਉਸ ਦਾ ਦਾਖ਼ਲਾ ਮੈਰਿਟ ਦੇ ਆਧਾਰ ਤੇ ਹੋਵੇਗਾ।
2. ਦਾਖ਼ਲਾ ਫ਼ਾਰਮ ਭਰਨ ਤੋਂ ਪਹਿਲਾਂ ਉਮੀਦਵਾਰ ਪ੍ਰਾਸਪੈਕਟਸ ਕਾਲਜ ਦਫਤਰ ਵਿਚੋ ਲੇ ਸਕਦੇ ਹਨ।
3. ਇਕ ਤੋਂ ਜ਼ਿਆਦਾ ਕੋਰਸਾਂ ਵਿੱਚ ਅਪਲਾਈ ਕਰਨ ਲਈ ਵੱਖ-ਵੱਖ ਫ਼ਾਰਮ ਭਰਣੇ ਜਰੂਰੀ ਹਨ। ਜਿਵੇਂ ਆਰਟਸ ਲਈ ਅਲੱਗ ਅਤੇ ਕਾਮਰਸ ਲਈ ਅੱਲਗ।
4. ਯੂਨੀਵਰਸਿਟੀ ਵੱਲੋਂ ਰੱਦ ਕੀਤੇ ਗਏ ਦਾਖ਼ਲੇ ਲਈ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।
5. ਨਿਸ਼ਚਿਤ ਮਿਤੀ ਤੋਂ ਬਾਅਦ ਦਾਖਲਾ ਫ਼ਾਰਮ ਨਹੀਂ ਭਰੇ ਜਾ ਸਕਦੇ।
6. ਅਧੂਰੇ ਭਰੇ ਹੋਏ ਫ਼ਾਰਮ ਰੱਦ ਕਰ ਦਿੱਤੇ ਜਾਣਗੇ।
7. ਦਾਖ਼ਲਾ ਨਿਰੋਲ ਮੈਰਿਟ ਦੇ ਅਧਾਰ ਤੇ ਹੋਵੇਗਾ।
8. ਮੈਰਿਟ ਪਹਿਲਾਂ ਪਾਸ ਕੀਤੇ ਇਮਤਿਹਾਨ ਵਿਚੋਂ ਪ੍ਰਾਪਤ ਕੀਤੇ ਗਏ ਨੰਬਰਾਂ ਦੇ ਅਧਾਰ ਤੇ ਤਿਆਰ ਕੀਤੀ ਜਾਵੇਗੀ।
9. ਫ਼ੇਲ੍ਹ ਵਿਦਿਆਰਥੀ ਕਾਲਜ ਵਿੱਚ ਦਾਖਲ ਨਹੀਂ ਕੀਤੇ ਜਾਣਗੇ।

10. ਦੋ ਸਾਲ ਤੋਂ ਵੱਧ ਗੈਪ(Gape) ਕੇਸ ਵਾਲੇ ਵਿਦਿਆਰਥੀਆਂ ਦਾ ਦਾਖ਼ਲਾ, ਦਾਖ਼ਲਾ ਕਮੇਟੀ ਦੇ ਆਖ਼ਰੀ ਫ਼ੈਸਲੇ ਉਪਰੰਤ ਕਾਲਜ ਪ੍ਰਿੰਸੀਪਲ ਦੀ ਪ੍ਰਵਾਨਗੀ ਉਪਰੰਤ ਵੱਲੋਂ ਗੈਪ ਦਾ ਕਾਰਨ ਦੱਸਦੇ ਹੋਏ ਸਵੈ-ਘੋਸ਼ਣਾ ਪੱਤਰ ਦੇਣ ਤੇ ਹੀ ਕੀਤਾ ਜਾਵੇਗਾ।
11. 10+2 ਵਿਚ ਕਪਾਰਟਮੈਂਟ ਵਾਲੇ ਕੇਸਾਂ ਨੂੰ ਦਾਖਲਾ ਨਹੀਂ ਮਿਲੇਗਾ।
12. ਯੂਨੀਵਰਸਿਟੀ ਜਾਂ ਬੋਰਡ ਦੇ ਅਯੋਗ ਠਹਿਰਾਏ ਗਏ ਉਮੀਦਵਾਰਾਂ ਨੂੰ ਦਾਖ਼ਲ ਨਹੀਂ ਕੀਤਾ ਜਾਵੇਗਾ।
13. ਰਾਖਵੀਂ ਸੀਟ ਤੇ ਦਾਖਲਾ ਲੈਣ ਲਈ ਦਾਖ਼ਲਾ ਫਾਰਮ ਵਿੱਚ ਰਾਖਵੀਂ ਸ਼੍ਰੇਣੀ ਨਾ ਲਿਖਣ ਅਤੇ ਸਮਰੱਥ ਅਧਿਕਾਰੀ ਦਾ ਸਰਟੀਫਿਕੇਟ ਨਾਲ ਨੱਥੀ ਨਾ ਕਰਨ ਤੇ ਉਮੀਦਵਾਰ ਨੂੰ ਰਾਖਵੀਂ ਸੀਟ ਦਾ ਲਾਭ ਨਹੀਂ ਮਿਲੇਗਾ।
14. ਆਨਲਾਈਨ ਫਾਰਮ ਭਰਨ ਤੋਂ ਬਾਅਦ ਰਾਂਖਵਾਕਰਨ ਦਾ ਦਾਅਵਾ ਮਨਜ਼ੂਰ ਨਹੀ ਕੀਤਾ ਜਾਵੇਗਾ।
15. ਦਾਖ਼ਲਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਨੂੰ 24 ਘੰਟੇ ਦੇ ਵਿਚ-ਵਿਚ ਸਾਰੀ ਫ਼ੀਸ ਜਮ੍ਹਾ ਕਰਵਾਉਣੀ ਹੋਵੇਗੀ, ਨਹੀਂ ਤਾਂ ਉਸ ਦਾ ਦਾਖਲਾ ਰੱਦ ਕਰਕੇ ਉਸ ਦੀ ਥਾਂ ਉੱਪਰ ਅਗਲੇ ਵਿਦਿਆਰਥੀ ਨੂੰ ਦਾਖਲ ਕਰ ਲਿਆ ਜਾਵੇਗਾ।
16. ਪ੍ਰਿੰਸੀਪਲ ਲੋੜ ਪੈਣ ਉੱਪਰ ਦਾਖ਼ਲੇ ਦੇ ਨਿਯਮਾਂ ਵਿੱਚ ਤਬਦੀਲੀ ਕਰ ਸਕਦਾ ਹੈ।
17. ਦਾਖਲਾ ਫਾਰਮ ਵਿੱਚ ਦਰਸਾਈ ਗਈ ਸੂਚਨਾ ਗਲਤ ਪਾਏ ਜਾਣ ਉੱਪਰ ਉਮੀਦਵਾਰ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਤੋਂ ਲਈ ਗਈ ਫੀਸ ਵਾਪਸ ਨਹੀਂ ਕੀਤੀ ਜਾਵੇਗੀ।
18. ਦਾਖ਼ਲੇ ਸਬੰਧੀ ਕੋਈ ਵੀ ਸੂਚਨਾ ਕੇਵਲ ਕਾਲਜ ਦੀ ਵੈਬਸਾਈਟ ਉੱਪਰ ਦਿੱਤੀ ਜਾਵੇਗੀ। ਇਸ ਤੇ ਬਣੀ ਮੈਰਿਟ ਅਨੁਸਾਰ ਕੁੱਲ ਸੀਟਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦਾਖਲਾ ਦਿੱਤਾ ਜਾਵੇਗਾ।
19. ਦਾਖਲਾ ਆਰਜ਼ੀ ਤੋਰ ਤੇ ਕੀਤਾ ਜਾਂਦਾ ਹੈ। ਯੂਨੀਵਰਸਿਟੀ/ਪ੍ਰਿੰਸੀਪਲ ਵੱਲੋਂ ਗਲਤ ਪਾਏ ਜਾਣ ਉੱਪਰ ਵਿਦਿਆਰਥੀ ਦਾ ਦਾਖਲਾ ਕਿਸੇ ਸਮੇਂ ਵੀ ਰੱਦ ਕੀਤਾ ਜਾ ਸਕਦਾ ਹੈ।
20. ਦਾਖਲ ਹੋਇਆ ਵਿਦਿਆਰਥੀ ਕਿਸੇ ਹੋਰ ਸੰਸਥਾ ਵਿੱਚ ਦਾਖਲਾ ਨਹੀਂ ਲੈ ਸਕਦਾ ਅਤੇ ਨਾ ਹੀ ਨੋਕਰੀ ਕਰ ਸਕਦਾ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ ਅਤੇ ਫੀਸ ਵਾਪਸ ਨਹੀਂ ਕੀਤੀ ਜਾਵੇਗੀ।
21. ਕਾਲਜ ਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੇ ਬੱਚਿਆਂ (ਬੇਟਾ ਜਾਂ ਬੇਟੀ) ਜੇ ਉਹ ਯੂਨੀਵਰਸਿਟੀ ਵੱਲੋਂ ਨਿਰਧਾਰਤ ਦਾਖ਼ਲੇ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਤਾਂ ਪਹਿਲ ਦੇ ਆਧਾਰ ਤੇ ਵਿਚਾਰਿਆ ਜਾਵੇਗਾ।
22. ਕਾਲਜ ਵਿਚ ਰੈਗਿੰਗ ਤੇ ਰੋਕ ਹੈ, ਜੇਕਰ ਕੋਈ ਵਿਦਿਆਰਥੀ ਰੈਗਿੰਗ ਕਰਦਾ ਹੈ ਤਾਂ ਉਸ ਨੂੰ ਸਜ਼ਾ ਦਿੱਤੀ ਜਾਵੇਗੀ ਤੇ ਕਾਲਜ ਵਿੱਚੋ ਕੱਢ ਦਿੱਤਾ ਜਾਵੇਗਾ।

## ਦਾਖਲਾ ਫਾਰਮ ਨਾਲ ਲੱਗਣ ਵਾਲੇ ਦਸਤਾਵੇਜ਼

ਦਾਖਲਾ ਫਾਰਮ ਨਾਲ ਹੇਠ ਲਿਖੇ ਦਸਤਾਵੇਜ਼ਾਂ ਦੀਆਂ ਕਾਪੀਆਂ ਅਪਲੋਡ ਕਰਨੀਆਂ ਜ਼ਰੂਰੀ ਹਨ। ਫਾਰਮ ਭਰਨ ਦੀ ਆਖ਼ਰੀ ਮਿਤੀ ਤੋਂ ਬਾਅਦ ਫ਼ਾਰਮ ਨਾਲ ਕੋਈ ਦਸਤਾਵੇਜ਼ ਲਗਾਉਣ ਜਾਂ ਉਤਾਰਨ ਦੀ ਆਗਿਆ ਨਹੀਂ ਹੋਵੇਗੀ। ਦਾਖ਼ਲੇ ਸਮੇਂ ਵਿਦਿਆਰਥੀ ਦੀ ਕੈਟਾਗਰੀ ਤਬਦੀਲ ਨਹੀਂ ਕੀਤੀ ਜਾਵੇਗੀ।

ਉਮੀਦਵਾਰ ਦਾਖਲਾ ਫਾਰਮ ਵਿੱਚ ਆਪਣੇ ਅਤੇ ਮਾਤਾ-ਪਿਤਾ ਦੇ ਨਾਮ ਦੇ ਸ਼ਬਦ ਜੋੜ (Spelling) ਉਹੀ ਲਿਖੇਗਾ ਜੋ ਉਸਦੇ ਪਹਿਲਾਂ ਪਾਸ ਕੀਤੀ ਜਮਾਤ ਦੇ ਸਰਟੀਫੀਕੇਟ ਵਿੱਚ ਦਰਜ ਹਨ। ਫਰਮ ਨਾਲ ਹੇਠ ਲਿਖੇ ਦਸਤਾਵੇਜ਼ 'ਅਪਲੋਡ ਕਰਨੇ ਜਰੂਰੀ ਹਨ।

1. ਜਨਮ ਮਿਤੀ ਦਾ ਸਰਟੀਫਿਕੇਟ (ਮੈਟ੍ਰਿਕ ਜਾਂ 10+2 ਦਾ ਸਰਟੀਫਿਕੇਟ)
2. ਹੇਠਲੀਆਂ ਜਮਾਤਾਂ ਦੇ ਨਤੀਜਾ ਕਾਰਡ ਜਾਂ ਸਰਟੀਫਿਕੇਟ (ਸੈਲਫ ਅਟੈਸਟਿਡ)
3. ਪਿਛਲੀ ਸੰਸਥਾ ਤੋਂ ਪ੍ਰਾਪਤ ਆਚਰਣ ਸਰਟੀਫਿਕੇਟ ਪ੍ਰਾਈਵੇਟ ਉਮੀਦਵਾਰ ਗਜ਼ਟਿਡ ਅਫਸਰੀ ਪਿੰਡ ਦਾ ਸਰਪੰਚ ਜਾ ਐਮ.ਸੀ ਦੁਆਰਾ ਜਾਰੀ ਕੀਤਾ ਆਚਰਨ ਸਰਟੀਫਿਕੇਟ।
4. ਜੇਕਰ ਪੜ੍ਹਾਈ ਦੌਰਾਨ ਕਿਸੇ ਕਿਸਮ ਦਾ ਗੈਪ ਹੈ ਤਾਂ ਉਸਦੇ ਕਾਰਨਾਂ ਸੰਬੰਧੀ ਸਵੈ-ਘੋਸਣਾ ਪੱਤਰ ਦਿੱਤਾ ਜਾਵੇ।
5. ਬਲੱਡ ਗਰੁੱਪ ਦਾ ਡਾਕਟਰੀ ਸਰਟੀਫਿਕੇਟ।
6. ਅਨੁਸੂਚਿਤ ਜਾਤੀ/ਪਛੜੀ ਸ਼੍ਰੇਣੀ ਸੰਬੰਧਿਤ ਜਾਤੀ ਦਾ ਸਰਟੀਫਿਕੇਟ। **SC/BC** ਵਿਦਿਆਰਥੀ ਦਾ ਆਮਦਨ ਦਾ ਸਰਟੀਫਿਕੇਟ (250000 ਤੋਂ ਘੱਟ)

## ਰਾਖਵੀਆਂ ਸੀਟਾਂ

1. SC 25%
2. BC/OBC 5%
3. Border Area/Backward Area(2% each) 4%
4. Sports Person 2%
5. Wards of Political suffers/Freedom Fighters(This will also include the wards of those who have undergone and aggregate of at least three months of imprisonment in connections with Emergency/Punjabi Suba or Dharam Yudh Morcha for the demands of the state of Punjab) 2%

   In case of UT Chandigarh 2% reservation be considered for the Children/Grand Children of Freedom Fighter only
6. **Physical** Handicapped/disabled person i.e 3%

**a) Blind 1%**

**b) Deaf & Dumb 1%**

**c) Other handicapped 1%**

(If suitable candidate are not available in any one of these sub-categories of disabled candidates or are not found suitable for the particular course, the seats, so available will be filled up by the candidates from the other sub-categories of disabled candidates)

7. Children/Widows of defence personal killed or disabled to the extent of 50% or more in action. Wards of gallantry awardes, ex-servicemen & children of serving defence personnel exservice men. 2%
8. Children-widows of paramilitary forces personnel, Punjab Police, PAP and Punjab Home Guards killed or disabled in action to the extent to 50% or more, ex-paramilitary forces personnel and children of serving paramilitary forces personnellex-paramilitary forces personnel. 2%
9. November, 1984 riot affected displaced person, children of Army deserters killed 100% physically disabled, the children of the families of persons killed as a result of terrorist violence or by Security Forces acting in aid of civil power and the children of innocent Civilians who have sustained 100% disability in terrorist violence or during operation by security forces acting in aid of civil power. 2%

10. Widows/Divorced women(children) 2%

Wards of teachers/employees of the Deptt of education 2%

The Senate(P.U. Chandigarh). At its meeting held on 08-12-2007 Para II (4) has decided as under:

1. An additional seat for the single girl child for admission to a given course in the Panjab University and its affiliated colleges provided she is otherwise eligible from all angles. This benefits is also extended to one of the girls of a couple having two girls only.
2. An additional seat for the Cancer and AIDS patient for admission to a given course in the Punjab University and its affiliated colleges provided he/she is otherwise eligible. However, it is clarified the concession is not available in the case of candidate who are seeking admission to the next higher class on the basis of having eamed compartment in 10+2 examination i.e. neither in the subject of compartment nor in the aggregate

## ਰਾਖਵੀਂਆਂ ਸੀਟਾਂ ਲਈ ਵਿਸ਼ੇਸ਼ ਸੰਕੇਤ

1. ਜਾਤੀ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ। ਪਛੜੀਆਂ ਸ਼੍ਰੇਣੀਆਂ ਦੇ ਜਿਨ੍ਹਾਂ ਬੱਚਿਆਂ ਦੇ ਮਾਪਿਆਂ ਦੀ ਕੁੱਲ ਸਲਾਨਾ ਆਮਦਨ ੮00000/(ਅੱਠ ਲੱਖ਼) ਰੁਪਏ ਤੋਂ ਘੱਟ ਹੈ, ਕੇਵਲ ਉਹਨਾਂ ਨੂੰ ਹੀ ਰਾਖਵੀਂਆਂ ਸੀਟਾਂ ਲਈ ਵਿਚਾਰਿਆ ਜਾਵੇਗਾ। ਇਸ ਲਈ ਨਵਾਂ ਆਮਦਨ ਸਰਟੀਫੀਕੇਟ ਦੇਣਾ ਜ਼ਰੂਰੀ ਹੈ।
2. ਜਾਤੀ ਸਰਟੀਫਿਕੇਟ ਅਤੇ ਆਮਦਨ ਸਰਟੀਫਿਕੇਟ ਆਪਣੇ ਇਲਾਕੇ ਦੇ ਡਿਪਟੀ ਕਮਿਸ਼ਨਰ/ਐਡੀਸ਼ਨਲ ਡਿਪਟੀ ਕਮਿਸ਼ਨਰ/ਸਬ ਡਵੀਜ਼ਨਲ, ਮੈਜਿਸਟਰੇਟ/ਕਾਰਜਕਾਰੀ, ਮੈਜਿਸਟਰੇਟ/ਫਸਟ ਕਲਾਸ ਮੈਜਿਸਟਰੇਟ/ਤਹਿਸੀਲਦਾਰ ਦੁਆਰਾ ਜਾਰੀ ਕੀਤਾ ਹੋਣਾ ਚਾਹੀਦਾ ਹੈ। ਆਮਦਨ ਸਰਟੀਫਿਕੇਟ ਉਪਰੋਕਤ ਅਧਿਕਾਰੀਆਂ ਦੁਆਰਾ ਤਸਦੀਕਸ਼ੁਦਾ ਵੀ ਹੋ ਸਕਦਾ ਹੈ।
3. ਬੀਂ.ਐਸ.ਐਫ./ਆਰਮਡ ਫੋਰਸ/ ਸੀਂ.ਆਰ.ਪੀ.ਅੱਫ਼. ਵਿੱਚ ਕੰਮ ਕਰ ਰਹੇ ਅਤੇ ਸਾਬਕਾ ਅਧਿਕਾਰੀਆਂ ਕਰਮਚਾਰੀਆਂ ਦੇ ਬੱਚਿਆਂ ਨੂੰ ਆਪਣੇ ਦਾਖਲਾ ਫਾਰਮ ਨਾਲ ਸਬੰਧਤ ਕਮਾਂਡਿੰਗ ਅਫਸਰ ਦਾ ਸਰਟੀਫਿਕੇਟ ਜਾਂ ਡਿਸਚਾਰਜ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੈ।
4. ਸਪੋਰਟਸ ਕੋਟੇ ਵਿਚ ਕੇਵਲ ਉਨ੍ਹਾਂ ਖਿਡਾਰੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ, ਜਿਨ੍ਹਾਂ ਨੇ ਵੱਖ-ਵੱਖ ਖੇਡਾਂ ਵਿੱਚ ਘੱਟੇ ਘੱਟ ਜਿਲ੍ਹਾ ਰਾਜ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ। ਉਨ੍ਹਾਂ ਦੀ ਮੈਰਿਟ ਪੰਜਾਬ ਵਿਭਾਗ ਵੱਲੇ ਕੀਤੀ ਗਰੇਡੇਸਨ ਦੇ ਆਧਾਰ ਤੇ ਬਣਾਈ ਜਾਵੇਗੀ।
5. ਖਿਡਾਰੀਆਂ ਦਾ ਦਾਖਲਾ ਮੈਰਿਟ ਅਤੇ ਯੋਗਤਾ ਨੂੰ ਮੌਕੇ ਉੱਪਰ ਟੈਸਟ ਲੈ ਕੇ ਪਰਖਣ ਉਪਰੰਤ ਕੀਤਾ ਜਾਂਦਾ ਹੈ। ਉਹ ਖਿਡਾਰੀ ਦਾਖਲ ਕੀਤੇ ਜਾਂਦੇ ਹਨ। ਜਿਹੜੇ ਨਿਯਮਾਂ ਅਨੁਸਾਰ ਕਾਲਜ ਦੀਆਂ ਟੀਮਾਂ ਵਿੱਚ ਖੇਡਣ ਦੇ ਯੋਗ ਹੋਣ ਅਤੇ ਯੂਨੀਵਰਸਿਟੀ ਵਿੱਚ ਕਾਲਜ ਵੱਲੋਂ ਹਿੱਸਾ ਲੈ ਸਕਣ। ਇਹਨਾਂ ਖਿਡਾਰੀਆਂ ਦਾ ਦਾਖਲਾ ਕਰਨ ਵੇਲੇ

ਕਾਲਜ ਵਿੱਚ ਬਣ ਸਕਣ ਵਾਲੀਆਂ ਟੀਮਾਂ ਅਤੇ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਖੇਡਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂਦਾ ਹੈ।

6. ਸਰਕਾਰੀ ਜਾਂ ਮਾਨਤਾ ਪ੍ਰਾਪਤ ਵਿਦਿਅਕ ਸੰਸਥਾਵਾਂ ਵਿੱਚ ਕੰਮ ਕਰ ਰਹੇ ਅਧਿਆਪਕਾਂ ਦੇ ਬੱਚਿਆਂ ਲਈ ਆਪਣੇ ਦਾਖ਼ਲਾ ਫਾਰਮ ਨਾਲ ਸਬੰਧਿਤ ਸੰਸਥਾ ਦੇ ਮੁਖੀ ਦਾ ਸਰਟੀਫਿਕੇਟ ਲਗਾਉਣਾ ਜ਼ਰੂਰੀ ਹੋਵੇਗਾ। ਹਾਈ ਸਕੂਲ ਦੇ ਮੁਖੀ ਦੇ ਸਰਟੀਫਿਕੇਟ ਦਾ ਡੀ.ਈ.ਓ. ਦੁਆਰਾ ਤਸਦੀਕ ਹੋਣਾ ਜ਼ਰੂਰੀ ਹੈ। ਜੇਕਰ ਮਾਂ ਲੇਡੀ ਜਾਂ ਅਧਿਆਪਕਾ ਹੈ ਤਾਂ ਸਰਟੀਫਿਕੇਟ ਉੱਤੇ ਉਸਦੇ ਪਤੀ ਦਾ ਨਾਂ ਹੋਣਾ ਵੀ ਜ਼ਰੂਰੀ ਹੈ।
7. ਖਾੜਕੂਆਂ ਹੱਥੋਂ ਸੁਰੱਖਿਆ ਬਲਾਂ ਦੀਆਂ ਕਾਰਵਾਈਆਂ ਦੌਰਾਨ 100 ਪ੍ਰਤੀਸ਼ਤ ਨਕਾਰਾ ਹੋਏ ਵਿਅਕਤੀਆਂ/ ਸਿੱਖ ਪ੍ਰਵਾਸੀਆਂ/ਅੰਦਰੂਨੀ ਪ੍ਰਵਾਸੀ ਅਤੇ ਬਾਹਰੀ ਪ੍ਰਵਾਸੀ ਪਰਿਵਾਰਾਂ ਦੇ ਬੱਚਿਆਂ ਦੇ ਦਾਖਲਾ ਫਾਰਮ ਨਾਲ ਸਬੰਧਿਤ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤੇ ਸ਼ਨਾਖ਼ਤੀ ਕਾਰਡ ਸਰਟੀਫਿਕੇਟ ਦੀ ਫੋਟੋ ਕਾਪੀ ਲਾਉਣੀ ਜ਼ਰੂਰੀ ਹੈ।
8. ਵਿਦਿਆਰਥੀ ਜਿਨ੍ਹਾਂ ਵਰਗਾਂ ਲਈ ਰਾ
9. ਖਵੀਂ ਸੀਟ ਦੀ ਸਵੈ-ਇੱਛਾ ਪ੍ਰਗਟ ਕਰਨਗੇ, ਉਹਨਾਂ ਸਬੰਧੀ ਜ਼ੁਰੂਰੀ ਦਸਤਾਵੇਜ਼ ਪਹਿਲਾਂ ਹੀ ਨੱਥੀ ਕਰਨੇ ਜ਼ਰੂਰੀ ਹੋਣਗੇ। ਭਿੰਨ-ਭਿਨ ਵਰਗਾਂ ਲਈ ਵੱਖਰੇ-ਵੱਖਰੇ ਦਾਖਲਾ ਫਾਰਮ ਭਰੇ ਜਾਣ।

### ਵਿਸ਼ਿਆਂ ਦੀ ਚੋਣ

1. ਬੀ.ਏ. ਭਾਗ ਪਹਿਲਾਂ ਵਿੱਚ ਕਿਸੇ ਵੀ ਵਿਸ਼ੇ ਵਿੱਚ ਸੰਖਿਆ ਪੂਰੀ ਹੋ ਜਾਣ ਤੇ ਵਿਦਿਆਰਥੀਆਂ ਨੂੰ ਉਹ ਵਿਸ਼ਾ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
2. ਜੇਕਰ ਕਿਸੇ ਵਿਸ਼ੇ ਨੂੰ ਰੱਖਣ ਵਾਲੇ ਉਮੀਦਵਾਰਾਂ ਦੀ ਸੰਖਿਆ ਵੱਧ ਜਾਂਦੀ ਹੈ ਤਾਂ ਉਹ ਵਿਸ਼ਾ ਰੱਖਣ ਲਈ ਵਿਦਿਆਰਥੀਆਂ ਦੀ ਚੋਣ ਟੈਸਟ ਦੇ ਅਧਾਰ 'ਤੇ ਕੀਤੀ ਜਾਵੇਗੀ।
3. ਵਿਦਿਆਰਥੀ ਨੂੰ ਕਾਲਜ ਵੱਲੋਂ ਦਿੱਤੀ/ਪੜ੍ਹਾਏ ਜਾ ਰਹੇ ਵਿਸ਼ਾ ਗਰੁੱਪ ਹੀ ਲੈਣੇ ਪੈਣਗੇ।
4. ਗਲਤ ਵਿਸ਼ਾ ਜੁੱਟ ਭਰਨ ਤੇ ਵਿਦਿਆਰਥੀ ਨੂੰ ਯੂਨੀਵਰਸਿਟੀ ਵੱਲੋਂ ਕੀਤਾ ਜਾਣ ਵਾਲਾ 1500/ ਰੁਪਏ ਜੁਰਮਾਨਾ ਆਪਣੇ ਕੋਲੋ ਭਰਨਾ ਪਏਗਾ।

## ਪੜ੍ਹਾਏ ਜਾਣ ਵਾਲੇ ਵਿਸ਼ੇ

### ਬੀ.ਕਾਮ ਭਾਗ ਪਹਿਲਾ (ਨਿਊ ਐਜੂਕੇਸ਼ਨ ਪਾਲਿਸੀ)

## SEMESTER-I

| PaperCode | TypeofCourse | Subject Name | Credits |
|---|---|---|---|
| **NBCM 101** | Core Subject | Principles of Financial Accounting | 4 |
| **NBCM 102** | Core Subject | Psychology for Managers | 4 |
| **NBCM 103** | Core Subject | Micro Economics | 4 |
| **COM/BBA – MDSC 101/101A** | Multidisciplinary Course | Commercial Law/ Fundamentals of International Business | 3 |
| **ENG (AEC) - 030** | Ability Enhancement courses | English | 2 |
| | Compulsory Subject | Punjabi/ HCP | 2 |
| **COM/BBA - SEC** | Skill Enhancement Courses | SEC- OPTIONS | 3 |
| **COM/BBA- VAC** | Common Value-Added courses | VAC -OPTIONS | 2 |
| **Total Credits** | | | **24** |

## SEMESTER - II

| Paper Code | Type of Course | Subject Name | Credits |
|---|---|---|---|
| **NBCM 201** | Core Subject | Corporate Accounting | 4 |
| **NBCM 202** | Core Subject | Human Resource Management | 4 |
| **NBCM 203** | Core Subject | Macro Economics | 4 |
| **COM/BBA – MDSC 201/201A** | Multidisciplinary Course | Business Law/ Foreign Trade Policy & Procedures | 3 |
| **ENG (AEC) -030** | Ability Enhancement courses | English | 2 |
| | Compulsory Subject | Punjabi/ HCP | 2 |
| **COM/BBA - SEC** | Skill Enhancement Courses | SEC- OPTIONS | 3 |
| **COM/BBA-VAC** | Common Value-Added courses | VAC -OPTIONS | 2 |
| **Total Credits** | | | 24 |

**SEMESTER - III**

| PaperCode | TypeofCourse | Subject Name | Credits |
|---|---|---|---|
| **NBCM 301** | Core Subject | Cost Accounting | 4 |
| **NBCM 302** | Core Subject | Goods & Services Tax | 4 |
| **NBCM 303** | Core Subject | Business Mathematics and Statistics | 4 |
| **NBCM 304** | Core Subject | Marketing Management | 4 |
| **COM/BBA – MDSC 301/301A** | Multidisciplinary Course | Company Law/ Foreign Trade Finance & Documentation | 3 |
| | Ability Enhancement courses | English | 2 |
| **COM/BBA - SEC** | Skill Enhancement Courses | SEC- OPTIONS | 3 |
| **TOTAL CREDITS** | | | 24 |

**SEMESTER-VI**

| PaperCode | TypeofCourse | Subject Name | Credits |
|---|---|---|---|
| **NBCM 601** | Core Subject | Direct Tax - II | 4 |
| **NBCM 602** | Core Subject | Financial Management | 4 |
| **NBCM 603** | Core Subject | Operations Research | 4 |
| **NBCM 604** | Core Subject | Entrepreneurship & Start-up | 4 |
| **NBCM 605** | Core Subject | Corporate Reporting Issues & Practices | 4 |
| **NBCM 606** | Core Subject | Banking & Insurance Management | 4 |
| | | Total Credits | **24** |

# ਬੀ.ਏ. ਭਾਗ ਪਹਿਲਾਂ ਆਰਟਸ ਗਰੁੱਪ

ਦਾਖ਼ਲੇ ਲਈ ਯੋਗਤਾ;

ਬਿਨੈਕਾਰ ਨੇ 10+2 ਦੀ ਪ੍ਰੀਖਿਆ ਕਿਸੇ ਵੀ ਗਰੁੱਪ ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਬਰਾਬਰ ਦੀ ਕੋਈ ਪ੍ਰੀਖਿਆ ਕਿਸੇ ਵੀ ਪ੍ਰਮਾਣਿਤ ਸੰਸਥਾ ਤੋਂ ਪਾਸ ਕੀਤੀ ਹੋਵੇ। ਦਾਖ਼ਲਾ ਮੈਰਿਟ ਦੇ ਅਧਾਰ ਤੇ ਹਵੇਗਾ।

1. Abilty Enhancement: English (Compulsory)

2. ਪੰਜਾਬੀ (Compulsory)

**3. MAJOR**

I. ਇਤਿਹਾਸ(HISTORY) OR ਗਣਿਤ (MATH)

II. ਸਮਾਜ ਵਿਗਿਆਨ (SOCIOLOGY) OR ਕੰਪਿਊਟਰ ਸਾਇੰਸ (COMPUTER SCIENCE)

III. ਹਿੰਦੀ ਇਲੈਕਟਿਵ (EL.HINDI) OR ਪੰਜਾਬੀ ਇਲੈਕਟਿਵ (EL.PUNJABI) OR ਅੰਗਰੇਜੀ(ਇਲੈਕਟਿਵ) EL(ENGLISH)

IV. ਸਰੀਰਕ ਸਿੱਖਿਆ (PHYSICAL EDUCATION)

V. ਅਰਥ ਸ਼ਾਸਤਰ (Economics)

A student can opt for 3 combinations out of following above.

**4.Multi Disciplinary Course**

ਹਿੰਦੀ(HINDI)

ਸਮਾਜ ਵਿਗਿਆਨ (SOCIOLOGY)

ਰਾਜਨੀਤੀ ਸ਼ਾਸਤਰ (POLITICAL SCIENCE)

ਕੰਪਿਊਟਰ (COMPUTER)

A student can opt for a MDSC course subject to following conditions:
a) The student must not have studied that course in 10+2 level.
b) The student must not have taken that course as a core subject.

5.Skill Enchancment Course

ਅੰਗਰੇਜੀ(ENGLISH)

ਪੰਜਾਬੀ (PUNJABI)

ਗਣਿਤ (MATH)

ਕੰਪਿਊਟਰ ਸਾਇੰਸ (COMPUTER SCIENCE)

ਅਰਥ ਸ਼ਾਸਤਰ (Economics)

A student can opt for 1 SUBJECT out of following above.

**6. VAC**: ENVIRONMENT EDUCATION AND ROAD SAFETY EDUCATION (ਬੀ.ਏ/ਬੀ.ਐੱਸ.ਸੀ. ਪਹਿਲਾ ਸਾਲ)

ਨੋਟ- ਸਰੀਰਕ ਸਿੱਖਿਆ ਵਿਸ਼ਾ ਬਕਾਇਦਾ ਫਿਜੀਕਲ ਟਰੈਲ ਦੇ ਅਧਾਰ ਉੱਪਰ ਦਿੱਤਾ ਜਾਵੇਗਾ। ਸਰੀਰਕ ਸਿੱਖਿਆ ਉਹ ਵਿਦਿਆਰਥੀ ਲੈ ਸਕਦੇ ਹਨ ਜਿਹੜੇ ਫਿਜੀਕਲੀ ਫਿਟ ਹਨ।

ਨੋਟ; 1) ਜਿਸ Combination ਵਿਚ 10 ਤੋਂ ਘੱਟ ਵਿਦਿਆਰਥੀ ਹੋਣਗੇ ਉਹਨਾਂ ਨੂੰ ਉਸ Combination ਦੀ ਆਗਿਆ ਨਹੀਂ ਦਿੱਤੀ ਜਾਵੇਗੀ।

2) ਸਮਾਂ ਸੂਚੀ ਵਿੱਚ ਕਿਸੇ ਕਿਸਮ ਦਾ ਵਿਘਨ ਪੈਣ ਜਾਂ ਔਕੜ ਆਉਣ ਤੇ ਪਿੰਸੀਪਲ ਨੂੰ ਵਿਸ਼ੇ ਤਬਦੀਲੀ ਦਾ ਪੂਰਨ ਅਧਿਕਾਰ ਹੋਵੇਗਾ।

ਨੋਟ; 1)ਹਿਸਟਰੀ ਐਂਡ ਕਲਚਰ ਆਫ ਪੰਜਾਬ ਵਿਸ਼ੇ ਦੀ ਪੜ੍ਹਾਈ ਦਾ ਪ੍ਰਬੰਧ ਕਾਲਜ ਵੱਲੋਂ ਨਹੀਂ ਕੀਤਾ ਜਾਵੇਗਾ।

2) ਉਪਰੋਕਤ ਵਿਸ਼ਿਆਂ ਤੋਂ ਇਲਾਵਾ ਕੋਈ ਵੀ ਵਿਦਿਆਰਥੀ ਵਿਅਕਤੀਗਤ ਤੌਰ ਤੇ ਕੋਈ ਵੀ ਵਿਸ਼ਾ ਨਹੀ ਰੱਖ ਸਕਦਾ। ਜਿਸਦੀ ਪੜ੍ਹਾਈ ਕਾਲਜ ਵਿੱਚ ਨਾਂ ਕਰਵਾਈ ਜਾਂਦੀ ਹੋਵੇ।

3) ਇਹਨਾਂ ਕੋਰਸਾਂ ਵਿੱਚ ਦਾਖ਼ਲੇ ਸਮੇਂ ਘੱਟ ਤੋਂ ਘੱਟ ਅੱਧੀ ਫੀਸ ਜਮਾਂ ਕਰਵਾਉਣੀ ਹੋਵੇਗੀ।

## ਵਿਸ਼ਾ ਬਦਲੀ

1. ਕੋਈ ਵੀ ਵਿਸ਼ਾ/ਗਰੁੱਪ ਪ੍ਰਿੰਸੀਪਲ ਦੀ ਅਗਿਆ ਤੋਂ ਬਿਨ੍ਹਾਂ ਨਹੀ ਬਦਲਿਆ ਜਾ ਸਕਦਾ।
2. ਬੀ.ਏ.ਭਾਗ-1 ਦਾ ਵਿਦਿਆਰਥੀ ਦਾਖਲੇ ਤੋਂ ਬਾਅਦ ਇੱਕ ਮਹੀਨੇ ਅੰਦਰ-ਅੰਦਰ ਵਿਸ਼ਾਂ ਬਦਲੀ ਲਈ ਬੇਨਤੀ ਕਰ ਸਕਦਾ ਹੈ। ਵਿਸ਼ਾਂ ਤਾਂ ਹੀ ਬਦਲਿਆਂ ਜਾਵੇਗਾ ਜੇਕਰ ਉਸ ਵਿਸ਼ੇ ਵਿਚ ਵਿਦਿਆਰਥੀਆਂ ਦੀ ਲੋੜ ਹੋਵੇਗੀ। ਉਸ ਦੇ ਲੈਕਚਰ ਵਿਸ਼ਾਂ ਬਦਲਣ ਦੀ ਮਿਤੀ ਤੋਂ ਗਿਣੇ ਜਾਣਗੇ।
3. ਖਾਸ ਹਾਲਤਾਂ ਵਿੱਚ ਵਿਸ਼ਾ ਜਾਂ ਗਰੁੱਪ ਬਦਲੀ ਨਿਯਮਾਂ ਨੂੰ ਧਿਆਨ ਵਿੱਚ ਰਖ ਕੇ ਹੀ ਕੀਤਾ ਜਾ ਸਕਦਾ ਹੈ ।
4. ਵਿਸਾ ਬਦਲੀ ਦੀ ਆਗਿਆ ਸਬੰਧਿਤ ਵਿਸ਼ੇ ਦੀ ਕਲਾਸ ਦੀ ਕੁੱਲ ਸੰਖਿਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਦਿੱਤੀ ਜਾਵੇਗੀ ।
5. ਜਦੋਂ ਤੱਕ ਪ੍ਰਿੰਸੀਪਲ ਦੀ ਆਗਿਆ ਨਾਲ ਦਿਸ਼ਾ ਬਦਲੀ ਦਾ ਨੋਟਿਸ ਨਹੀਂ ਲੱਗ ਜਾਂਦਾ ਉਸ ਸਮੇਂ ਤੱਕ ਵਿਸ਼ਾਂ ਬਦਲਿਆ ਗਿਆ ਨਾ ਸਮਝਿਆ ਜਾਵੇ ਅਤੇ ਵਿਦਿਆਰਥੀ ਉਸ ਸਮੇਂ ਤੱਕ ਪਹਿਲੇ ਵਿਸ਼ੇ ਦੀਆਂ ਕਲਾਸਾਂ ਹੀ ਲਾਉਂਦਾ ਰਹੇ।

## ਫੀਸ ਮੁਆਫੀ

1. ਕੇਵਲ ਗ਼ਰੀਬ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥੀਆਂ ਦੀ ਫੀਸ ਮੁਸਸਾਫ ਕੀਤੀ ਜਾਵੇਗੀ ।
2. ਫੈਲ ਹੋਏ ਜਾਂ ਰੀਪੀਅਰ ਜਾਂ ਕੰਪਾਰਟਮੈਂਟ ਵਾਲੇ ਵਿਦਿਆਰਥੀਆਂ ਨੂੰ ਫੀਸ ਮੁਆਫੀ ਨਹੀਂ ਦਿੱਤੀ ਜਾਵੇਗੀ।
3. ਘਰੇਲੂ ਇਮਤਿਹਾਨ ਵਿੱਚੋ ਗੈਰ-ਹਾਜਰ ਜਾਂ ਫੇਲ ਹੋਣ ਦੀ ਸੂਰਤ ਵਿੱਚ ਫੀਸ ਮੁਆਫੀ ਦੀ ਸਹੂਲਤ ਬੰਦ ਕਰ ਦਿੱਤੀ ਜਾਵੇਗੀ ।

## ਵਜ਼ੀਫ਼ੇ

1. ਰਾਸ਼ਟਰੀ ਵਜ਼ੀਫ਼ਾ (National Scholarship Scheme)
2. ਸਟੇਟ ਗੌਰਮਿੰਟ ਮੈਰਿਟ ਵਜ਼ੀਫ਼ੇ (State Govt Merit Scholarship)
3. ਅਧਿਆਪਕਾਂ ਦੇ ਬੱਚਿਆਂ ਲਈ ਰਾਸ਼ਟਰੀ ਵਜ਼ੀਫ਼ਾ (National Scholarship for Teaching Children)
4. ਨਾਨ-ਹਿੰਦੀ ਸਪੀਕਿੰਗ ਰਾਜਾਂ ਲਈ ਵਜ਼ੀਫ਼ੇ (Non-Hindi Speaking State Scholarship)
5. ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਆਮਦਨ ਗਰੁੱਪ ਦੇ ਵਿਦਿਆਰਥੀਆਂ ਲਈ ਵਜ਼ੀਫ਼ੇ (Scholarship to Schedule Class/Tribes, Backward Class and Lower income Group Students)
6. ਸੋਲਜਰ ਬੋਰਡ ਵੱਲੋ ਵਜ਼ੀਫ਼ੇ
7. ਯੂਨੀਵਰਸਿਟੀ ਸਕਾਲਰਸ਼ਿਪ

ਵਜ਼ੀਫ਼ੇ ਲਈ ਯੋਗ ਵਿਦਿਆਰਥੀ ਲੋੜੀਦੀ ਜਾਣਕਾਰੀ ਅਤੇ ਫਾਰਮ ਲੈਣ ਲਈ ਕਾਲਜ ਦਫ਼ਤਰ ਨਾਲ ਸੰਪਰਕ ਕਰੇ। ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਦਾਖਲਾ ਲੈਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਕਾਲਜ ਦਫ਼ਤਰ ਤੋਂ ਵਜ਼ੀਫ਼ਾ ਫਾਰਮ ਪ੍ਰਾਪਤ ਕਰਕੇ ਹਰ ਪੱਖੋਂ ਮੁਕੰਮਲ ਕਰਕੇ ਦਫ਼ਤਰ ਵਿੱਚ ਜਮ੍ਹਾਂ ਕਰਾ ਦੇਣ। ਨਿਸ਼ਚਿਤ ਮਿਤੀ ਤੋਂ ਬਾਅਦ ਕੋਈ ਫਾਰਮ ਨਹੀਂ ਲਿਆ ਜਾਵੇਗਾ।

## ਜ਼ਰੂਰੀ ਹਦਾਇਤਾਂ

1. ਕਾਲਜ ਵਿੱਚ ਵਿਦਿਆਰਥੀ ਕਾਲਜ ਦਾ ਅਨੁਸ਼ਾਸਨ ਕਾਇਮ ਰੱਖਣ ਅਤੇ ਕਾਲਜ ਦੇ ਨਿਯਮਾਂ ਅਤੇ ਹੁਕਮਾਂ ਦੀ ਪਾਲਣਾ ਕਰਨ।
2. ਵਿਦਿਆਰਥੀ ਕਾਲਜ ਤੋਂ ਬਾਹਰਲੇ ਵਿਦਿਆਰਥੀਆਂ ਨੂੰ ਕਾਲਜ ਅੰਦਰ ਨਾ ਆਉਣ ਦੇਣ। ਜੇਕਰ ਕੋਈ ਬਾਹਰਲਾ ਅਨਸਰ ਕਾਲਜ ਅੰਦਰ ਦਾਖਲ ਹੋ ਜਾਵੇ ਤਾਂ ਉਸ ਦੀ ਸੂਚਨਾ ਤੁਰੰਤ ਕਾਲਜ ਦਫਤਰ, ਕਿਸੇ ਪ੍ਰੋਫੈਸਰ ਸਾਹਿਬਾਨ ਜਾਂ ਕਮੇਟੀ ਨੂੰ ਦੇਣ।
3. ਬਾਹਰਲੇ ਅਨਸਰਾਂ ਨੂੰ ਪੁਲਿਸ ਦੇ ਹਵਾਲੇ ਕੀਤਾ ਜਾਵੇਗਾ ।
4. ਬਾਹਰਲੇ ਅਨਸਰਾਂ ਨੂੰ ਆਪਣੇ ਨਾਲ ਲੈ ਕੇ ਆਉਣ ਵਾਲੇ ਵਿਦਿਆਰਥੀਆਂ ਨੂੰ ਜ਼ੁਰਮਾਨਾ ਕੀਤਾ ਜਾਵੇਗਾ।
5. ਵਿਦਿਆਰਥੀ ਆਪਣਾ ਸ਼ਨਾਖ਼ਤੀ ਕਾਰਡ ਹਰ ਸਮੇਂ ਆਪਣੇ ਕੋਲ ਰੱਖਣ, ਜਿਸ ਵਿਦਿਆਰਥੀ ਕੋਲ ਸ਼ਨਾਖ਼ਤੀ ਕਾਰਡ ਨਹੀਂ ਹੋਵੇਗਾ, ਉਸਨੂੰ ਜ਼ੁਰਮਾਨਾ ਕੀਤਾ ਜਾਵੇਗਾ।
6. ਸ਼ਨਾਖਤੀ ਕਾਰਡ ਤੋਂ ਬਿਨਾਂ ਵਿਦਿਆਰਥੀਆਂ ਨੂੰ ਘਰੇਲੂ ਪ੍ਰੀਖਿਆਵਾਂ ਵਿੱਚ ਬੈਠਣ ਨਹੀਂ ਦਿੱਤਾ ਜਾਵੇਗਾ।
7. ਵਿਦਿਆਰਥੀ ਖਾਲੀ ਪੀਰੀਅਡ ਸਮੇਂ ਕਾਲਜ ਦੇ ਬਰਾਂਡਿਆਂ ਕਮਰਿਆਂ ਦੇ ਸਾਹਮਣੇ ਨਾ ਬੈਠਣ। ਇਸ ਨਿਯਮ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀ ਨੂ ਜ਼ੁਰਮਾਨਾ ਕੀਤਾ ਜਾਵੇਗਾ।
8. ਬਾਰ - ਬਾਰ ਕਾਲਜ ਦਾ ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।
9. ਸਮੇਂ ਸਿਰ ਕਾਲਜ ਪਹੁੰਚਣ ਦੀ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੈ। ਵਿਦਿਆਰਥੀ ਆਪਣੀ ਸਹੂਲਤ ਦੇਖ ਕੇ ਕਾਲਜ ਵਿੱਚ ਦਾਖਲਾ ਲੈਣ । ਕਾਲਜ ਵੱਲੋਂ ਸਮੇਂ ਦੀ ਪਾਬੰਦੀ ਵਿੱਚ ਰਿਆਇਤ ਨਹੀਂ ਦਿੱਤੀ ਜਾਵੇਗੀ।

10. ਵਿਦਿਆਰਥੀ ਲਈ ਲੋੜੀਂਦੀ ਸੂਚਨਾ ਕਾਲਜ ਨੋਟਿਸ ਬੋਰਡ ਤੇ ਲਗਾਈ ਜਾਵੇਗੀ। ਕਾਲਜ ਅਜਿਹੀ ਸੂਚਨਾ ਵਿਦਿਆਰਥੀਆਂ ਦੇ ਘਰ ਤੱਕ ਪਹੁੰਚਾਉਣ ਲਈ ਪਾਬੰਦ ਨਹੀਂ ਹੋਵੇਗਾ।
11. ਵਿਦਿਆਰਥੀਆਂ ਦੇ ਮਾਪੇ ਸਮੇਂ-ਸਮੇਂ ਕਾਲਜ ਆ ਕੇ ਆਪਣੇ ਬੱਚਿਆਂ ਬਾਰੇ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਦੇ ਰਹਿਣ। ਵਿਦਿਆਰਥੀਆਂ ਵਲੋਂ ਮਾਪਿਆਂ ਨੂੰ ਹਨੇਰੇ ਵਿੱਚ ਰੱਖਣ ਲਈ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।
12. ਜੇਕਰ ਕੋਈ ਵਿਦਿਆਰਥੀ ਨੋਟਿਸ ਬੋਰਡ ਤੇ ਲਗਾਈ ਗਈ ਸੂਚਨਾ ਸਮੇਂ ਸਿਰ ਨੋਟ ਨਹੀਂ ਕਰਦਾ ਤਾਂ ਇਹ ਵਿਦਿਆਰਥੀ ਦੀ ਆਪਣੀ ਜ਼ਿੰਮੇਵਾਰੀ ਹੋਵੇਗੀ।
13. ਵਿਦਿਆਰਥੀ ਖਾਸ ਖ਼ਿਆਲ ਰੱਖਣ ਕਿ ਨੋਟਿਸ ਬੋਰਡ ਤੇ ਲਗਾਇਆ ਗਿਆ ਨੋਟਿਸ ਨਾਂ ਪਾੜ੍ਹਿਆ ਜਾਵੇ। ਇਸ ਤਰ੍ਹਾਂ ਕਰਨ ਨਾਲ ਦੂਸਰੇ ਵਿਦਿਆਰਥੀਆਂ ਦਾ ਨੁਕਸਾਨ ਹੋ ਸਕਦਾ ਹੈ।
14. ਜੇਕਰ ਕੋਈ ਵਿਦਿਆਰਥੀ ਨੋਟਿਸ ਪਾੜ੍ਹਦਾ ਫੜਿਆ ਗਿਆ ਤਾਂ ਉਸ ਨੂੰ ਜੁਰਮਾਨਾ ਕੀਤਾ ਜਾਵੇਗਾ।
15. ਕੋਈ ਵੀ ਵਿਦਿਆਰਥੀ ਸੜਕ ਛੱਡ ਕੇ ਕਾਲਜ ਦੇ ਪਲਾਟਾਂ ਵਿੱਚੋਂ ਲੰਘਣ ਦੀ ਗਲਤੀ ਨਾਂ ਕਰੇ। ਗਲਤੀ ਕਰਨ ਵਾਲੇ ਵਿਦਿਆਰਥੀ ਨੂੰ ਜ਼ੁਰਮਾਨਾ ਕੀਤਾ ਜਾਵੇਗਾ।
16. ਕਲਾਸ ਵਿੱਚ ਪ੍ਰੋਫੈਸਰ ਸਾਹਿਬਾਨ ਅਤੇ ਬਾਕੀ ਸਟਾਫ ਨਾਲ ਮਾੜਾ ਵਿਹਾਰ ਕਰਨ ਲਈ ਵਿਦਿਆਰਥੀ ਨੂੰ ਜੁਰਮਾਨਾ ਕੀਤਾ ਜਾਵੇਗਾ।
17. ਕਾਲਜ ਵਿੱਚ ਗੈਰ-ਸੱਭਿਅਕ ਵਿਵਹਾਰ ਅਤੇ ਗੈਰ-ਸੱਭਿਅਕ ਪਹਿਰਾਵਾਂ ਪਾਉਣ ਅਤੇ ਮੰਦਾ ਬੋਲਣ ਦੀ ਮਨਾਹੀ ਹੈ।
18. ਕੋਈ ਵਿਦਿਆਰਥੀ ਪ੍ਰਿੰਸੀਪਲ ਦੀ ਮਨਜ਼ੂਰੀ ਤੋਂ ਬਿਨ੍ਹਾਂ ਨੋਟਿਸ ਬੋਰਡ ਤੇ ਕੋਈ ਨੋਟਿਸ ਨਾ ਲਗਾਏ ਇਸ ਹੁਕਮ ਦੀ ਪਾਲਣਾ ਨਾ ਕਰਨ ਵਾਲੇ ਵਿਦਿਆਰਥੀਆਂ ਨੂੰ ਜ਼ੁਰਮਾਨਾ ਕੀਤਾ ਜਾਵੇਗਾ।
19. ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਹੁਕਮ ਮੁਤਾਬਿਕ ਵਿਦਿਅਕ ਅਦਾਰਿਆਂ ਵਿੱਚ ਰੈਗਿੰਗ ਦੀ ਪੂਰਨ ਤੌਰ ਤੇ ਪਾਬੰਦੀ ਹੈ। ਇਹ ਹੁਕਮ ਨਾ ਮੰਨਕੇ ਅਵੱਗਿਆ ਕਰਨ ਵਾਲੇ ਵਿਦਿਆਰਥੀਆਂ ਦੇ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।

## ਹਾਜ਼ਰੀ

1. ਪ੍ਰੋਫੈਸਰ ਸਾਹਿਬਾਨ ਰੋਜ਼ਾਨਾ ਆਪਣੀਆਂ ਕਲਾਸਾਂ ਦੀ ਹਾਜਰੀ ਲੈਣਗੇ।
2. ਵਿਦਿਆਰਥੀ ਹਰ ਹਫਤੇ ਆਪਣੇ ਸੰਬੰਧਿਤ ਪ੍ਰੋਫੈਸਰ ਸਾਹਿਬਾਨ ਵੱਲੋਂ ਆਪਣੀਆਂ ਹਾਜ਼ਰੀਆਂ ਬਾਰੇ ਪਤਾ ਕਰਦੇ ਰਹਿਣ। ਸੈਸ਼ਨ ਦੇ ਅਖੀਰ ਵਿੱਚ ਸਾਕੇ ਲੈਕਚਰਾਂ ਦੀ ਘਾਟ ਬਾਰੇ ਵਿਦਿਆਰਥੀਆਂ ਦੀ ਕੋਈ ਸ਼ਿਕਾਇਤ ਨਹੀਂ ਸੁਣੀ ਜਾਵੇਗੀ।
3. ਵਿਦਿਆਰਥੀ ਕਲਾਸ ਵਿੱਚ ਆਪਣੀ ਹਾਜ਼ਰੀ ਦਾ ਖੁਦ ਖਿਆਲ ਰੱਖਣ। ਸਮੇਂ-ਸਿਰ ਹਾਜਰੀ ਨਾ ਬੋਲ ਕੇ ਗੈਰ ਹਾਜ਼ਰੀ ਲਗਵਾਉਣ ਦੀ ਕੁੱਲ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ।
4. ਵਿਦਿਆਰਥੀ ਕਾਲਜ ਵਿਖੇ ਬਾਕੀ ਵਿਸ਼ਿਆਂ ਦੀਆਂ ਕਲਾਸਾਂ ਤਾਂ ਲਗਾਤਾਰ ਲਗਾਉਂਦੇ ਨੇ ਪਰ ਆਪਣੀ ਬੱਸ ਜਾਂ ਰੇਲ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ, ਆਪਣੇ ਘਰੇਲੂ ਹਾਲਾਤ ਦੇ ਮੰਦੇ-ਨਜ਼ਰ ਜਾਂ ਮਨਮਰਜ਼ੀ ਨਾਲ ਕਿਸੇ ਇਕ

ਵਿਸ਼ੇ ਦਾ ਪੀਰੀਅਡ ਲਗਾਏ ਬਿਨ੍ਹਾਂ ਹੀ ਕਾਲਜ ਤੋਂ ਚਲੇ ਜਾਂਦੇ ਹਨ। ਉਸ ਵਿਸ਼ੇ ਦੇ ਲੈਕਚਰਾਂ ਦੀ ਘਾਟ ਨੂੰ ਪੂਰਾ ਨਹੀਂ ਕੀਤਾ ਜਾਵੇਗਾ ਕਿ ਉਹ ਵਿਦਿਆਰਥੀ ਬਾਕੀ ਵਿਸ਼ਿਆਂ ਵਿੱਚ ਹਾਜਰ ਰਿਹਾ ਹੈ।

5. ਵਿਦਿਆਰਥੀ ਦੇ ਮਾਂ/ਬਾਪ/ਸਰਪ੍ਰਸਤ ਆਪਣੇ ਬੱਚਿਆਂ ਦੀਆਂ ਹਾਜ਼ਰੀਆਂ ਬਾਰੇ, ਉਨ੍ਹਾਂ ਦੇ ਕਾਲਜ ਵਿੱਚ ਵਿਵਹਾਰ ਬਾਰੇ, ਉਨ੍ਹਾਂ ਦੀ ਘਰੇਲੂ ਇਮਤਿਹਾਨਾਂ ਵਿੱਚ ਕਾਰਗੁਜ਼ਾਰੀ ਬਾਰੇ ਖੁਦ ਸਮੇਂ-ਸਮੇਂ ਪਤਾ ਕਰਦੇ ਰਹਿਣ। ਵਿਦਿਆਰਥੀ ਦੀ ਕਿਸੇ ਵੀ ਅਣਗਹਿਲੀ ਲਈ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।
6. ਜੇਕਰ ਕਿਸੇ ਪੀਰੀਅਡ ਵਿੱਚ ਵਿਦਿਆਰਥੀ ਦਾ ਰੋਲ ਨੰਬਰ ਨਹੀਂ ਬੋਲਿਆ ਜਾਂਦਾ ਤਾਂ ਉਹ ਵਿਦਿਆਰਥੀ ਉਸ ਸਮੇਂ ਆਪਣੇ ਪ੍ਰੋਫੈਸਰ ਸਾਹਿਬ ਤੋਂ ਇਸ ਬਾਰੇ ਪਤਾ ਕਰੇ ਜਾਂ ਦਫ਼ਤਰ ਨਾਲ ਸੰਪਰਕ ਕਰੇ।
7. ਜੇਕਰ ਕੋਈ ਵਿਦਿਆਰਥੀ ਸੈਸ਼ਨ ਦੇ ਆਖਿਰ ਵਿੱਚ ਅਜਿਹੇ ਮਾਮਲੇ (ਰੋਲ ਨੰਬਰ ਨਾ ਬੋਲਣਾ ਜਾਂ ਗ਼ੈਰ ਹਾਜ਼ਰੀਆਂ ਹੋਣਾ) ਪ੍ਰਿੰਸੀਪਲ ਦੇ ਧਿਆਨ ਵਿੱਚ ਲਿਆਉਂਦੇ ਹਨ ਤਾਂ ਉਨ੍ਹਾਂ ਉੱਪਰ ਵਿਚਾਰ ਨਹੀਂ ਕੀਤਾ ਜਾਵੇਗਾ।
8.

ਵਿਦਿਆਰਥੀਆਂ ਨੂੰ ਯੂਨੀਵਰਸਿਟੀ ਰੋਲ ਨੰਬਰ ਪ੍ਰਾਪਤ ਕਰਨ ਲਈ ਹਰ ਵਿਸ਼ੇ ਵਿੱਚ ਘੱਟੋ-ਘੱਟ 75% ਹਾਜ਼ਰੀ ਲਾਜ਼ਮੀ ਹੈ ਅਤੇ ਜਮਾਤ ਵਿੱਚ ਕਰਵਾਏ ਜਾਣ ਵਾਲੇ ਟੈਸਟਾਂ ਵਿੱਚੋਂ 25% ਤੋਂ ਵੱਧ ਅੰਕ ਲੈਣਾ ਵੀ ਜ਼ਰੂਰੀ ਹੈ।

ਜੇਕਰ ਉਪਰੋਕਤ ਸ਼ਰਤਾਂ ਵਿੱਚੋਂ ਕੋਈ ਵੀ ਸ਼ਰਤ ਪੂਰੀ ਨਹੀਂ ਹੁੰਦੀ, ਤਾਂ ਉਸ ਵਿਦਿਆਰਥੀ ਨੂੰ ਰੋਲ ਨੰਬਰ ਨਹੀਂ ਦਿੱਤਾ ਜਾਵੇਗਾ।

**ਛੁੱਟੀ ਦੇ ਨਿਯਮ**

1. ਵਿਦਿਆਰਥੀ ਛੁੱਟੀ ਲਈ ਨਿਸ਼ਚਿਤ ਫਾਰਮ ਭਰ ਕੇ ਦਰਖਾਸਤ ਦੇਣ।
2. ਵਿਦਿਆਰਥੀ ਪਹਿਲਾਂ ਛੁੱਟੀ ਮਨਜ਼ੂਰ ਕਰਾ ਕੇ ਜਾਵੇ।
3. ਵਿਦਿਆਰਥੀ ਵੱਲੋਂ ਛੁੱਟੀ ਕੱਟ ਕੇ ਆਉਣ ਬਾਅਦ ਦਿੱਤੀ ਗਈ ਅਰਜ਼ੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।
4. ਛੁੱਟੀ ਭਾਵੇ ਆਮ ਹੋਵੇ ਅਤੇ ਭਾਵੇ ਬੀਮਾਰੀ ਦੀ, ਇਸ ਸਮੇਂ ਦੌਰਾਨ ਵਿਦਿਆਰਥੀ ਕਾਲਜ ਵਿਚ ਗੈਰ-ਹਾਜ਼ਰ ਮੰਨਿਆ ਜਾਵੇਗਾ।
5. ਛੁੱਟੀ ਸਮੇਂ ਲੱਗੀ ਗੈਰ-ਹਾਜ਼ਰੀ ਦਾ ਕੇਵਲ ਜ਼ੁਰਮਾਨਾ ਹੀ ਮੁਆਫ ਕੀਤਾ ਜਾਵੇਗਾ ਹੋਰ ਕੋਈ ਸਹੂਲਤ ਨਹੀਂ ਮਿਲੇਗੀ।
6. ਮਨਜ਼ੂਰ ਕਰਵਾਈ ਗਈ ਛੁੱਟੀ ਸਮੇਂ ਲੱਗੀਆਂ ਗੈਰ ਹਾਜ਼ਰੀਆਂ, ਗੈਰ ਹਾਜ਼ਰੀਆਂ ਹੀ ਗਿਣੀਆਂ ਜਾਣਗੀਆਂ। ਇਨ੍ਹਾਂ ਦੀ ਥਾਂ ਉੱਪਰ ਵਿਦਿਆਰਥੀਆਂ ਨੂੰ ਹਾਜ਼ਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ।
7. ਜੇਕਰ ਵਿਦਿਆਰਥੀ ਛੁੱਟੀ ਦੇ ਸਮੇਂ ਦੌਰਾਨ ਘਰੇਲੂ ਇਮਤਿਹਾਨਾਂ ਵਿੱਚ ਬੈਠਣ ਤੋਂ ਰਹਿ ਜਾਂਦਾ ਹੈ ਤਾਂ ਉਹ ਹੋਣ ਵਾਲੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

8. ਮੈਡੀਕਲ ਛੁੱਟੀ ਘਰੇਲੂ ਟੈਸਟ ਹੋਣ ਤੋਂ ਪਹਿਲਾਂ ਕਾਲਜ ਵਿੱਚ ਪਹੁੰਚਣੀ ਚਾਹੀਦੀ ਹੈ, ਬਾਅਦ ਵਿੱਚ ਆਈ ਅਰਜ਼ੀ ਤੋਂ ਵਿਚਾਰ ਨਹੀਂ ਕੀਤਾ ਜਾਵੇਗਾ।
9. ਘਰੇਲੂ ਪ੍ਰੀਖਿਆਵਾਂ ਵਿੱਚ ਛੁੱਟੀ ਤੇ ਰਹਿਣ ਵਾਲੇ ਵਿਦਿਆਰਥੀ ਨੂੰ ਸਪੈਸ਼ਲ ਟੈਸਟ ਦੇਣਾ ਪਵੇਗਾ ਅਤੇ ਇਸ ਲਈ ਅਗਾਉ ਪ੍ਰਵਾਨਗੀ ਲੈਣੀ ਹੋਵੇਗੀ।
10. ਪੇਪਰਾਂ ਵੇਲੇ ਛੁੱਟੀ, ਛੁੱਟੀ ਦਾ ਕਾਰਨ ਦੱਸ ਕੇ ਐਮਰਜੈਂਸੀ ਹਾਲਾਤ ਵਿੱਚ ਰਜਿਸਟਰਾਰ ਘਰੇਲੂ ਪ੍ਰੀਖਿਆਵਾਂ ਮਨਜ਼ੂਰ ਕਰਨ ਉਪਰੰਤ ਹੀ ਮਿਲ ਸਕੇਗੀ।

**ਸਾਇਕਲ ਸ਼ੈਡ** ਕੁੱਝ ਨਿਯਮ ਹਾਲਾਤ ਅਨੁਸਾਰ ਬਣਾ ਲਏ ਜਾਣਗੇ ।

**ਸ਼ਨਾਖਤੀ ਕਾਰਡ ((Identity Cum library Card)**

1. ਕਾਲਜ ਵਿੱਚ ਦਾਖਲ ਹੋਇਆ ਹਰ ਵਿਦਿਆਰਥੀ ਲਾਇਬ੍ਰੇਰੀਅਨ ਨੂੰ ਇੱਕ ਪਾਸਪੋਟ ਸਾਇਜ ਫੋਟੋ 'ਅਤੇ ਦਾਖ਼ਲੇ ਦੀ ਅਸਲ ਰਸੀਦ ਦੇ ਕੇ ਆਪਣਾ ਸ਼ਨਾਖ਼ਤੀ ਕਾਰਡ ਬਣਵਾਏਗਾ ਜੋ ਕਿ ਲੋੜ ਪੈਣ ਤੇ ਕਿਸੇ ਸਮੇਂ ਮੰਗਣ ਤੇ ਦਿਖਾਇਆ ਜਾ ਸਕੇ।
2. ਸ਼ਨਾਖ਼ਤੀ ਕਾਰਡ ਗੁਆਚਣ ਦੀ ਹਾਲਤ ਵਿੱਚ ਰਿਪੋਰਟ ਪੁਲਿਸ ਥਾਣੇ ਵਿੱਚ ਦਰਜ ਕਰਾਉਣੀ ਹੋਵੇਗੀ ਤੇ ਇਸ ਤੋਂ ਬਾਅਦ ਲਾਇਬ੍ਰੇਰ/ਟਿਉਟਰ ਨੂੰ ਸੁਚਿਤ ਕਰਨਾ ਪਵੇਗਾ ਅਤੇ ਨਵਾਂ ਦੂਜਾ ਕਾਰਡ 50 ਰੁਪਏ ਜ਼ੁਰਮਾਨਾ ਦਫ਼ਤਰ ਵਿੱਚ ਜਮ੍ਹਾਂ ਕਰਾਉਣ ਉਪਰੰਤ ਹੀ ਦਿੱਤਾ ਜਾਵੇਗਾ।
3. ਰੋਲ ਨੰਬਰ ਲੈਣ ਸਮੇਂ ਜਾਂ ਕਾਲਜ ਛੱਡਣ ਸਮੇਂ ਸ਼ਨਾਖ਼ਤੀ ਕਾਰਡ ਲਾਇਬ੍ਰੇਰੀ ਵਿੱਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।

**ਆਮ ਨਿਯਮ (General Rules)**

1. ਜਿਹੜੇ ਵਿਦਿਆਰਥੀ ਬਿਨ੍ਹਾਂ ਛੁੱਟੀ ਸੱਤ ਦਿਨ ਗੈਰ ਹਾਜ਼ਰ (Absent) ਰਹਿਣਗੇ ਜਾਂ ਨਿਯਮਿਤ ਮਿਤੀਆਂ ਵਿੱਚ ਫ਼ੀਸਾਂ ਨਹੀਂ ਭਰਨਗੇ, ਉਹਨਾਂ ਦਾ ਨਾਂ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ ਅਜਿਹੀ ਹਾਲਤ ਵਿੱਚ ਮਾਪਿਆਂ ਨੂੰ ਨਾਲ ਲਿਆ ਕੇ ਅਤੇ ਪ੍ਰਿੰਸੀਪਲ ਤੇ ਆਗਿਆ ਮਿਲਣ ਤੋਂ ਬਾਅਦ ਹੀ ਦੁਬਾਰਾ ਦਾਖਲਾ ਮਿਲ ਸਕੇਗਾ।
2. ਇਕ ਵਾਰ ਕਾਲਜ ਵਿੱਚ ਦਾਖਲ ਹੋਣ ਤੋਂ ਬਾਅਦ ਜਾਂ ਨਾਂ ਕੱਟਣ ਜਾਂ ਕਾਲਜ ਛੱਡਣ ਤੇ ਕੋਈ ਫੀਸ ਵਾਪਸ ਨਹੀਂ ਦਿੱਤੀ ਜਾਵੇਗੀ।

3. ਜੇ ਕਿਸੇ ਵਿਦਿਆਰਥੀ ਦਾ ਚਾਲ-ਚਲਣ ਵਿਵਹਾਰ ਠੀਕ ਨਹੀਂ ਹੋਵੇਗਾ ਤਾਂ ਉਸ ਦਾ ਨਾਂ ਕੱਟ ਦਿੱਤਾ ਜਾਵੇਗਾ।
4. ਬਿਨ੍ਹਾਂ ਆਗਿਆ ਕਾਲਜ ਵਿਚੋਂ ਗੈਰ ਹਾਜ਼ਰ ਰਹਿਣ ਤੇ 50 ਪੈਸੇ ਪ੍ਰਤੀ ਪੀਰੀਅਡ ਅਤੇ 1 ਰੁਪਈਆ ਪ੍ਰਤੀ ਦਿਨ ਜ਼ੁਰਮਾਨਾ ਲੱਗੇਗਾ।

## ਲਾਇਬ੍ਰੇਰੀ ਅਤੇ ਰੀਡਿੰਗ ਰੂਮ

ਕਾਲਜ ਵਿੱਚ ਇਕ ਵੱਡੀ ਲਾਇਬ੍ਰੇਰੀ ਹੈ ਜਿਸ ਵਿੱਚ ਵਿਦਿਆਰਥੀਆਂ ਦੇ ਸਿਲੇਬਸ ਨਾਲ ਸਬੰਧਿਤ ਅਤੇ ਹੋਰ ਆਮ ਜਾਣਕਾਰੀ ਦੀਆਂ ਕਿਤਾਬਾਂ ਉਪਲਬੱਧ ਹਨ। ਇਥੇ ਮੈਗਜੀਨ ਅਤੇ ਰਸਾਲੇ ਵੀ ਆਉਦੇ ਹਨ, ਜੋ ਵਿਦਿਆਰਥੀ ਫ੍ਰੀ ਪੀਰੀਅਡ ਦੌਰਾਨ ਲਾਇਬ੍ਰੇਰੀ ਵਿੱਚ ਬੈਠ ਕੇ ਪੜ੍ਹ ਸਕਦੇ ਹਨ,ਉਨ੍ਹਾਂ ਲਈ ਲਾਇਬ੍ਰੇਰੀ ਵਿਚੋ ਕਿਤਾਬਾਂ ਲੈਣ ਦੇ ਨਿਯਮ।

1. ਹਰ ਵਿਦਿਆਰਥੀ ਨੂੰ ਇਕ ਸਮੇਂ 14 ਦਿਨਾਂ ਲਈ ਵੱਧ ਤੋਂ ਵੱਧ 3 ਪੁਸਤਕਾਂ ਹੀ ਮਿਲ ਸਕਦੀਆਂ ਹਨ।
2. ਸਮੇਂ ਸਿਰ ਪੁਸਤਕ ਵਾਪਿਸ ਨਾ ਕਰਨ, ਪੁਸਤਕ ਨੂੰ ਖਰਾਬ ਕਰਨ ਜਾਂ ਪਾੜਨ ਦੇ ਨਿਯਮ ਅਨੁਸਾਰ ਵਿਦਿਆਰਥੀਆਂ ਜ਼ੁਰਮਾਨਾ ਕੀਤਾ ਜਾਵੇਗਾ।

## ਹੋਰ ਜਾਣਕਾਰੀ

**1. ਟਿਊਟੋਰੀਅਲ ਗਰੁੱਪ**

1. ਵਿਦਿਆਰਥੀ ਦੇ ਜੀਵਨ ਹਾਲਾਤ ਤੇ ਉਸ ਦੀਆਂ ਗਤੀਵਿਧੀਆਂ ਨੂੰ ਸਮਝਣ ਅਤੇ ਅਗਵਾਈ ਦੇਣ ਲਈ ਟਿਊਟੋਰੀਅਲ ਗਰੁੱਪਾਂ ਦੀਆਂ ਬੈਠਕਾਂ ਬੁਲਾਈਆਂ ਜਾਂਦੀਆਂ ਹਨ। ਗਰੁੱਪ ਵਿੱਚ ਵਿਦਿਆਰਥੀ ਦੀ ਉੱਨਤੀ, ਭਲਾਈ ਅਤੇ ਕਾਰਗੁਜਾਰੀ ਨੂੰ ਵੇਖਣ ਦਾ ਕੰਮ ਟਿਊਟਰ ਕਰਦਾ ਹੈ।
2. ਟਿਊਗਟੋਰੀਅਲ ਗਰੁੱਪ ਦੀ ਮੀਟਿੰਗ ਵਿੱਚ ਹਾਜ਼ਰੀ ਜ਼ਰੂਰੀ ਹੈ।
3. ਛੁੱਟੀ/ਜ਼ੁਰਮਾਨਾ ਮੁਆਫੀ ਆਦਿ ਸਬੰਧੀ ਅਰਜ਼ੀਆਂ ਟਿਊਟਰ ਰਾਹੀਂ ਪੇਸ਼ ਕੀਤੀਆਂ ਜਾਣ।
4. ਕਿਸੇ ਕਿਸਮ ਦਾ ਪ੍ਰਮਾਣ ਜਾਂ ਪ੍ਰਸ਼ੰਸਾ ਪੱਤਰ ਟਿਊਟਰ ਦੀ ਸਿਫਾਰਿਸ਼ ਤੋਂ ਬਿਨ੍ਹਾਂ ਜਾਰੀ ਨਹੀਂ ਕੀਤਾ ਜਾ ਸਕਦਾ।
5. ਟਿਊਟਰ ਦੇ ਛੁੱਟੀ ਤੇ ਹੋਣ ਦੀ ਹਾਲਤ ਵਿੱਚ ਵਿਦਿਆਰਥੀ ਸੀਨੀਅਰ ਟਿਊਟਰ ਤੋਂ ਲੋੜੀਂਦੀ ਕਾਰਵਾਈ ਕਰਵਾਏਗਾ।

**2. ਖੇਡਾਂ**

**1.** ਐਥਲੇਕਟਿਕਸ

**2.** ਕ੍ਰਿਕਟ

3. ਬੈਡਮਿੰਟਨ
4. ਵਾਲੀਬਾਲ
5. ਹੈੱਡਬਾਲ

ਕਾਲਜ ਵਿਚ ਵੱਖ-ਵੱਖ ਖੇਡਾਂ ਦਾ ਪ੍ਰਬੰਧ ਹੈ। ਵਿਦਿਆਰਥੀ ਸਬੰਧਿਤ ਪ੍ਰੋਫੈਸਰ ਸਾਹਿਬ ਨਾਲ ਗੱਲਬਾਤ ਕਰਕੇ ਇਸ ਵਿੱਚ ਭਾਗ ਲੈਣ ਲਈ ਨਾਂਮ ਲਿਖਵਾ ਸਕਦੇ ਹਨ।

ਨੋਟ: ਹਰ ਵਿੱਦਿਅਕ ਸ਼ੈਸਨ ਵਿਚ ਕਾਲਜ ਵਿਚ ਐਥਲੈਕਟਿਕਸ ਮੀਟ ਕਰਵਾਈ ਜਾਵੇਗੀ,ਜਿਸ ਵਿਚ ਕਾਲਜ ਦੇ ਵਿਦਿਆਰਥੀ ਵੱਖ-ਵੱਖ ਖੇਡਾਂ ਵਿਚ ਹਿੱਸਾ ਲੈਣਗੇ।

3 . ਸੱਭਿਆਚਾਰਕ ਗਤੀਵਿਧੀਆਂ, ਯੁਵਕ ਅਤੇ ਹੈਰੀਟੇਜ਼ ਮੇਲੇ

ਵਿਦਿਆਰਥੀਆਂ ਦੇ ਸਰਬਪਖੀ ਵਿਕਾਸ ਲਈ ਅਤੇ ਉਹਨਾਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨ ਲਈ ਸੱਭਿਆਚਾਰਕ ਸਮਾਗਮ ਕਰਵਾਏ ਜਾਣਗੇ। ਉਨ੍ਹਾਂ ਵਿੱਚ ਵਿਦਿਆਰਥੀ ਗਿੱਧਾ-ਭੰਗੜਾ,ਗੀਤ-ਸੰਗਿਤ, ਵਾਰਗਾਇਨ, ਕਵੀਸ਼ਰੀ, ਨਾਟਕ ਕਲਾ,ਕੋਰੀਓਗ੍ਰਾਫੀ ਆਦਿ ਦੀ ਸਿੱਖਿਆ ਦਿੱਤੀ ਜਾਵੇਗੀ। ਜਿਸ ਰਾਹੀਂ ਵਿਦਿਆਰਥੀ ਨੂੰ ਅਮੀਰ ਸਭਿਆਚਾਰਕ ਵਿਰਾਸਤ ਤੋਂ ਜਾਣੂ ਕਰਵਾਇਆ ਜਾ ਸਕੇ। ਯੂਨੀਵਰਸਿਟੀ ਵੱਲੋਂ ਕਰਵਾਏ ਜਾਂਦੇ ਯੁਵਕ ਮੇਲੇ ਅਤੇ ਵਿਰਾਸਤ ਮੇਲੇ ਲਈ ਕਾਲਜ ਵਿੱਚ ਵੱਖ -ਵੱਖ ਬੌਧਿਕ, ਗਤੀਵਿਧੀਆਂ ਲਈ ਪ੍ਰਤੀਭਾ ਚੋਣ ਪ੍ਰਤੀਯੋਗਤਾ ਰਾਹੀਂ ਖੋਜ ਕੇ ਸਮੂਹ ਸਟਾਫ ਦੁਆਰਾ ਵਿਦਿਆਰਥੀਆਂ ਨੂੰ ਤਿਆਰ ਕੀਤਾ ਜਾਵੇਗਾ ਜਿਵੇਂ ਕਿ ਡੀਬੇਟ. ਕਵਿਤਾ ਉਚਾਰਨ. ਕਹਾਣੀ ਚਰਨਾਂ, ਲੇਖ ਰਚਨਾ, ਕੁਇਜ਼ੂ , ਨਾਟਕ, ਸਕਿਟ-ਨਕਲ, ਮਾਈਮ, ਮਿੱਮਕਰੀ, ਗੀਤ, ਗ਼ਜ਼ਲ, ਭਜਨ, ਕਵਿਸ਼ਰੀ ਆਦਿ ਅਤੇ ਕੋਮਲ ਕਲਾਵਾਂ ਜਿਵੇਂ ਕਿ ਰੰਗੋਲੀ ਪੇਂਟਿੰਗ , ਕੋਲਾਜ ਮੇਕਿੰਗ, ਕਲੇਅ ਮਾਡਲਿੰਗ, ਪੱਖੀ ਬੁਣਨਾ ਅਤੇ ਹੋਰ ਲੋਕ ਹੁਨਰਾਂ ਦੀ ਯੁਵਕ ਮੇਲੇ ਲਈ ਤਿਆਰੀ ਕਰਵਾਈ ਜਾਵੇਗੀ।

**4. ਕਾਲਜ ਦੇ ਇਮਤਿਹਾਨਾਂ ਦੇ ਆਧਾਰ ਉੱਪਰ ਇਨਾਮਾਂ ਲਈ ਨਿਯਮ**

ਸਾਲ ਦੇ ਅਖੀਰ ਵਿੱਚ ਕਾਲਜ ਦਾ ਇਨਾਮ ਵੰਡ ਸਮਾਗਮ ਕੀਤਾ ਜਾਂਦਾ ਹੈ । ਇਸ ਵਿੱਚ ਵਿਦਿਆਰਥੀਆਂ ਨੂੰ ਹੇਠ ਲਿਖੇ ਨਿਯਮਾਂ ਦੇ ਆਧਾਰ ਉੱਤੇ ਇਨਾਮ ਦਿੱਤੇ ਜਾਂਦੇ ਹਨ

1. ਕੁੱਲ ਜੋੜ (ਐਗਰੀਗੇਟ) ਅਤੇ ਵੱਖ-ਵੱਖ ਵਿਸਿਆਂ ਵਿਚੋ ਪਹਿਲਾਂ, ਦੂਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਇਨਾਮ ਦਿੱਤੇ ਜਾਣਗੇ ।
2. ਇਨਾਮਾਂ ਲਈ ਜ਼ਰੂਰੀ ਹੈ ਕਿ ਵਿਦਿਆਰਥੀ ਸਾਰੇ ਵਿਸਿਆਂ ਵਿੱਚੋਂ ਪਾਸ ਹੋਵੇ, ਉਸ ਵਿਰੁੱਧ ਕੋਈ ਗੰਭੀਰ ਸ਼ਿਕਾਇਤ ਨਾ ਹੋਵੇ ਅਤੇ ਸੰਬੰਧਤ ਵਿਸ਼ੇ ਜਾਂ ਜੋੜ ਵਿੱਚ ਘੱਟ ਤੋਂ ਘੱਟ 50 ਪ੍ਰਤੀਸਤ ਨੰਬਰ ਲਏ ਹੋਣ।
3. ਕਿਸੇ ਵਿਸ਼ੇ ਵਿਚੋਂ ਦੂਜਾ ਇਨਾਮ ਤਦ ਹੀ ਦਿੱਤਾ ਜਾਵੇਗਾ ਜੇਕਰ ਉਸ ਸ਼੍ਰੇਣੀ ਵਿਚ ਇਸ ਵਿਸ਼ੇ ਜਾਂ ਇਮਤਿਹਾਨ ਦੇਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟੋ-ਘੱਟ 10 ਹੋਵੇ।
4. ਯੂਨੀਵਰਸਿਟੀ ਵੱਲੋਂ ਨਿਰਧਾਰਿਤ ਤੋਂ ਘੱਟ ਲੈਕਚਰ ਅਟੈਂਡ ਕਰਨ ਦੀ ਹਾਲਤ ਵਿੱਚ ਇਨਾਮ ਨਹੀਂ ਦਿੱਤਾ ਜਾਵੇਗਾ।
5. ਟਾਈ ਦੀ ਹਾਲਤ ਵਿੱਚ ਵੱਖ-ਵੱਖ ਵਿਸਿਆਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਦਾ ਨਿਰਣਾ ਕੁਲ ਨੰਬਰਾਂ (ਐਗਰੀਗੇਟ) ਦੇ ਅਧਾਰ ਤੇ ਕੀਤਾ ਜਾਵੇਗਾ1 ਅਲੋਪਕਰਨ ਹੇਠਲੇ ਪਾਸੇ ਵੱਲੋਂ ਕੀਤਾ ਜਾਵੇਗਾ।

6. ਪਿਛਲੀ ਯੂਨੀਵਰਸਿਟੀ ਪ੍ਰੀਖਿਆ ਵਿਚੋਂ ਪਹਿਲਾਂ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਕ ਵਿਸ਼ੇਸ਼ ਇਨਾਮ ਦਿੱਤਾ ਜਾਵੇਗਾ । ਉਸ ਲਈ ਘੱਟ ਤੋਂ ਘੱਟ 50 ਪ੍ਰਤੀਸ਼ਤ ਐਗਰੀਗੇਟ ਲੈਣਾ ਜ਼ਰੂਰੀ ਹੈ।
7. ਅਕੈਡਮਿਕ ਰੋਲ ਆਂਫ ਆਨਰ ਉਸ ਵਿਦਿਆਰਥੀ ਨੂੰ ਦਿੱਤਾ ਜਾਵੇਗਾ ਜਿਸ ਨੇ ਯੂਨੀਵਰਸਿਟੀ ਦੀ ਪ੍ਰੀਖਿਆ ਵਿਚੋਂ ਪਹਿਲਾਂ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੋਵੇਗਾ।

**5 . ਪੀ.ਟੀ.ਏ. ਕਮੇਟੀ** :

ਵਿਦਿਆਰਥੀ ਦੇ ਸਮੁੱਚੇ ਵਿਕਾਸ ਹਿੱਤ ਅਤੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਨਾਲ ਨਜਿੱਠਣ ਲਈ ਪੰਜਾਬ ਦੇ ਪੱਤਰ ਨੰਬਰ 3131 95 -5 ਨਿ 15902 ਮਿਤੀ ਚੰਡੀਗੜ੍ਹ 25 -3 -98 ਅਨੁਸਾਰ ਪੀਂ.ਟੀ.ਏ. ਦੀ ਸਥਾਪਨਾ ਕੀਤੀ ਗਈ ਹੈ। ਇਸ ਲਈ ਹਰ ਅਧਿਆਪਕ ਅਤੇ ਹਰ ਵਿਦਿਆਰਥੀ ਤੇ ਮਾਪੇ ਹਰ ਸਾਲ ਸਤੰਬਰ ਦੇ ਪਹਿਲੇ ਹਫਤੇ ਕਾਲਜ-ਸਾਧਕ ਕਮੇਟੀ ਦੀ ਚੋਣ ਕਰਦੇ ਹਨ ਜੋ ਮਿਲਕੇ ਪੀਂ.ਟੀਂ.ਏ. ਦਾ ਸਮੁੱਚਾ ਕੰਮ ਦੇਖਦੀ ਹੈ। ਡਾਇਰੈਟਰ ਸਿੱਖਿਆ ਵਿਭਾਗ (ਕਾਲਜਾਂ ) ਪੰਜਾਬ ਚੰਡੀਗੜ੍ਹ ਦੇ ਮੀਮੋ ਨੇ ; 13/3 /2005 ਕਾ ਐਜ (4) ਮਿਤੀ 7-5  2007 ਅਨੁਸਾਰ ਹਰ ਵਿਦਿਆਰਥੀ 4000/ ਰੁਪਏ ਸਲਾਨਾ ਬਤੌਰ ਪੀ.ਟੀਂ.ਏ. ਫੰਡ ਦੇਵੇਗਾ। ਦਾਨੀਆਂ ਪਾਸੋਂ ਦਾਨ ਵੀ ਲਿਆ ਜਾ ਸਕਦਾ ਹੈ।